ਪੰਜਾਬ ਸਕੂਲ ਸਿੱਖਿਆ ਬੋਰਡ

(ਐਫੀਲੀਏਸ਼ਨ ਸ਼ਾਖਾ)

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ ਦੀਆਂ ਐਫੀਲੀਏਟਿਡ ਸੰਸਥਾਵਾਂ।

ਪੱਤਰ ਨੰ:(24056)- ਪਸਸਬ-ਐਫੀ: 2026/1521 ਮਿਤੀ: 01/10/26

ਵਿਸ਼ਾ:- ਕੰਟੀਨਿਊਏਸ਼ਨ ਫੀਸ ਅਤੇ ਸਲਾਨਾ ਪ੍ਰਗਤੀ ਰਿਪੋਰਟ ਅਪਲੋਡ ਕਰਨ ਦੀਆਂ ਮਿਤੀਆਂ ਵਿੱਚ ਵਾਧਾ ਕਰਨ ਸਬੰਧੀ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ:(24056)- ਪਸਸਬ-ਐਫੀ:2026/1239 ਮਿਤੀ 05.08.2026 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਐਫੀਲੀਏਸ਼ਨ ਵਿਨਿਯਮ 11 (a) ਅਧੀਨ ਕੰਟੀਨਿਊਏਸ਼ਨ ਫੀਸ ਅਤੇ ਐਫੀਲੀਏਸ਼ਨ ਵਿਨਿਯਮ 11(b) ਅਧੀਨ ਸਲਾਨਾ ਪ੍ਰਗਤੀ ਰਿਪੋਰਟ ਅਪਲੋਡ ਕਰਨ ਦੇ ਸ਼ਡਿਊਲ ਦੀਆਂ ਆਖਰੀ ਮਿਤੀਆਂ ਵਿੱਚ ਹੇਠ ਦਰਜ ਅਨੁਸਾਰ ਵਾਧਾ ਕੀਤਾ ਜਾਂਦਾ ਹੈ:-

1.0) ਕੰਟੀਨਿਊਏਸ਼ਨ ਦਾ ਸ਼ਡਿਊਲ (ਜਿਨਾਂ ਸੰਸਥਾਵਾਂ ਦਾ 12 ਸਾਲ ਜਾਂ ਤਿੰਨ ਸਾਲ ਦਾ ਸਮਾਂ ਪੂਰਾ ਹੋ ਗਿਆ ਹੈ):-

ਮਿਤੀ	ਫੀਸ
07-ਅਕਤੂਬਰ 2026 ਤੱਕ	50,000/- ਰੁਪਏ + 18% ਜੀ.ਐੱਸ.ਟੀ. (ਤਿੰਨ ਸਾਲ ਲਈ)
08 ਅਕਤੂਬਰ 2026 ਤੋਂ 22 ਅਕਤੂਬਰ 2026 ਤੱਕ	50,000/- ਰੁਪਏ + 20,000/- ਲੇਟ ਫੀਸ + 18% ਜੀ.ਐੱਸ.ਟੀ. (ਤਿੰਨ ਸਾਲ ਲਈ)

ਨੋਟ:- ਕੰਟੀਨਿਊਏਸ਼ਨ ਫੀਸ ਲਈ https://registration2026.pseb.ac.in/Login ਲਿੰਕ ਖੋਲ੍ਹਣ ਉਪਰੰਤ School Profile ਅਧੀਨ Annual Progress Report ਤੇ ਜਾ ਕੇ ਅਪਲਾਈ ਕੀਤਾ ਜਾਣਾ ਹੈ।

2.0) ਸਲਾਨਾ ਪ੍ਰਗਤੀ ਰਿਪੋਰਟ (Annual Progress Report) (ਹਰੇਕ ਐਫੀਲੀਏਟਿਡ ਸੰਸਥਾ ਵੱਲੋਂ ਭਰੀ ਜਾਣੀ ਲਾਜ਼ਮੀ ਹੈ) ਦਾ ਸ਼ਡਿਊਲ :-

ਮਿਤੀ	ਫੀਸ
07 ਅਕਤੂਬਰ 2026 ਤੱਕ	ਸੰਸਥਾਵਾ ਵੱਲੋਂ ਕੇਵਲ ਸਲਾਨਾ ਪ੍ਰਗਤੀ ਦੇ ਦਸਤਾਵੇਜ਼ ਆਨ ਲਾਈਨ ਪੋਰਟਲ ਰਾਹੀਂ ਜਮ੍ਹਾਂ ਕਰਵਾਏ ਜਾਣੇ ਹਨ।
08 ਅਕਤੂਬਰ 2026 ਤੋਂ 22 ਅਕਤੂਬਰ 2026 ਤੱਕ	20,000/- ਰੁ: ਲੇਟ ਫੀਸ +18% GST ਸਮੇਤ ਸਲਾਨਾ ਪ੍ਰਗਤੀ ਰਿਪੋਰਟ ਦੇ ਦਸਤਾਵੇਜ਼ ਜਮ੍ਹਾ ਕਰਵਾਏ ਜਾਣਗੇ।

ਨੋਟ:- ਸਲਾਨਾ ਪ੍ਰਗਤੀ ਰਿਪੋਰਟ ਲਈ https://registration2026.pseb.ac.in/Login ਲਿੰਕ ਖੋਲ੍ਹਣ ਉਪਰੰਤ School Profile ਅਧੀਨ Annual Progress Report ਤੇ ਜਾ ਕੇ ਅਪਲਾਈ ਕੀਤਾ ਜਾਣਾ ਹੈ।

01-10-2026

ਸੁਪਰਡੈਂਟ (ਐਫੀਲੀਏਸ਼ਨ)
ਪੰਜਾਬ ਸਕੂਲ ਸਿੱਖਿਆ ਬੋਰਡ